ਸਭੁ ਜਗੁ ਹੋਤੁ ਅਵਿਗਤ ਅਪਾਰਾ ।
ਭੂਤ ਭਵਿਖ ਦੇਹਿ ਧਰਤ ਅਵਤਾਰਾ ॥

[illegible]

[illegible]

[illegible]

[illegible]





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਸਭ ਸੁਖ ਦੇਤੁ ਅਰਿਸਟ ਨਿਵਾਰਾ ।
ਭ੍ਰਮ ਭਉ ਦੇਹਿ ਪਰਕ ਅਵਤਾਰਾ ॥

ਸਚ ਦੀ ਜੋਤ

ਸ੍ਰੀ ਗੁਰੂ ਰਾਮ ਸਿੰਘ ਜੀ

[illegible] ਮੁਖੀ [illegible] ਦੇ [illegible]

[illegible] ਜੋਤੀ ਜੋਤ ਹੈ

ਜਿਸਨੂੰ

[illegible] ਸਿੰਘ ਜਿਸਨੂੰ

ਜ਼ਿਲਾ ਲੁਧਿਆਣਾ ਦੇ [illegible]

[illegible] ਕੀਤਾ ਅਤੇ ਛਪਵਾਇਆ

[illegible] ਸਾਹਿਬ [illegible] ਪਰਵਾਨ

ਮਾਰਚ ੧੯੧੪

ਪਹਿਲੀ ਵਾਰ ੧੦੦੦

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਵਿਚ ਛਪੀ

ਭੂਮਕਾ

ਕਈ ਭਾਈ ਇਸ ਬਾਤ ਨੂੰ ਕਹਿੰਦੇ ਹਨ ਕੂਕੇ ਹਠ ਧਰਮੀ ਸੇ ਗੁਰੂ ਮੰਨੀ ਬੈਠੇ ਹਨ ਗੁਰੂ ਦਸ ਹੂਏ ਹਨ ਹੁਣ ਪਿਛੇ ਓਨਾਂ ਤੇ ਗੁਰੂ ਗ੍ਰੰਥ ਸਾਹਿਬ ਹੈ ਹੋਰ ਕਈ ਭਾਈ ਇਸ ਬਾਤ ਨੂੰ ਕਹਿੰਦੇ ਹਨ ਜੈਸੇ ਔਰ ਸਾਖਾ ਗੁਰੂ ਘਰ ਮੇ ਹਨ ਤੈਸੇ ਕੂਕਿਓਂ ਕੀ ਸਾਖਾ ਹੈ। ਭਾਈ ਸਾਹਿਬਾਨ ਇਸ ਬਾਤ ਕੋ ਵਿਚਾਰ ਕਰਨੀ ਚਾਹੀਏ ਜੈਸੇ ਕੂਕਿਆਂ ਕੇ ਗੁਰੂ ਨੂੰ ਪਿਛਲੇ ਇਤਿਹਾਸ ਜ਼ਾਹਰ ਕਰਦੇ ਹਨ ਤੈਸੇ ਹੋਰਨਾ ਕੇ ਇਤਹਾਸ ਸਾਖੀਆਂ ਜ਼ਾਹਰ ਕਰਨੀਆਂ ਚਾਹੀਏ ਇਹ ਸਾਖਾ ਨਹੀਂ ਇਹ ਆਦਿ ਤੇ ਗੁਰਿਆਈ ਗੁਰੂ ਘਰਦੀ ਹੈ ਹੋਰ ਨਦੀਆਂ ਨਾਲੇ ਹਨ ਜਬਾਂ। ਗੁਰੂ ਸਮੁੰਦ ਨਦੀ ਸਭ ਸਿਖੀ। ਆਪ ਚਾਹੋ ਗ੍ਰੰਥ ਪੜ੍ਹਕੇ ਬਿਚਾਰੋ॥

ਅਸਾਂ ਇਸ ਗ੍ਰੰਥ ਵਿਚ ਜੋ ਪ੍ਰਮਾਣ ਦਿਤੇ ਹਨ ਓਹ ਛਾਂਟੇ ਹਨ ਜੋ ਗ੍ਰੰਥਾਂ ਵਿਚ ਦੇਖੇ ਹਨ ਜਿਨਾਂ ਤੋਂ ਸਤਗੁਰੂ ਰਾਮ ਸਿੰਘ ਜੀ ਦਾ ਹੋਣਾ ਪ੍ਰਗਟ ਹੁੰਦਾ ਹੈ ਸੋ ਸੰਖੇਪ ਤੇ ਲਿਖੇ ਹਨ ਜੋ ਸਾਰਾ ਲਿਖਨ ਤੇ ਗ੍ਰੰਥ ਵਧਦਾ ਸੀ ਹੋਰ ਸਾਡਾ ਇਸਦੇ ਲਿਖਣ ਤੋਂ ਇਹੋ ਪ੍ਰਯੋਜਨ ਹੈ ਕਿ ਬਾਰਵਾਂ ਗੁਰੂ ਸਤਗੁਰੂ ਰਾਮ ਸਿੰਘ ਹੋਯਾ ਹੈ॥

ਲੇਖਕ ਇੰਦ੍ਰ ਸਿੰਘ ਗ੍ਰੰਥ ਕਰਤਾ

੧ ਓ ਸਤਿਗੁਰਪ੍ਰਸਾਦਿ ॥

ਦੋਹਰਾ ॥ ਨਮੋ ਕਰੀ ਕਰ ਜੋੜ ਕਰ ਕਵਚ ਸੰਦਰ
ਸੀ ਜਾਣ । ਉਰ ਬਾਸੋ ਮੁਹਿ ਦਾਸ ਕੇ ਅਗਿਆਨ ਹਤੋ
ਤੁਹਿ ਮਾਫ ॥ ੧ ॥ ਦੋਹਰਾ ॥ ਸਤਿਗੁਰ ਤੁਮਰੀ
ਆਸ ਤੇ ਉਤ੍ਰ ਲਗਿਓ ਦੇਣ । ਜੋ ਜੋ ਸੰਸਾ ਕਰੇਗਾ ਛੁਟੇ
ਸੋ ਹਮਰੇ ਬੈਣ ॥ ੧ ॥ ਦੋਃ ॥ ਸੰਗਤ ਬੈਠੀ ਇਕ
ਦਿਨੇ ਸਤਿਗੁਰ ਨਾਮ ਜੋ ਲੀਨ । ਸੰਕਾ ਬਾਦੀ ਆਇਆ
ਸੰਕਾ ਤਿਸਨੇ ਕੀਨ ॥ ੨ ॥ ਘਰ ਵਿਚ ਗੁਰੂ ਬਨਾਇਆ
ਭਰਮ ਨ ਮਾਸਾ ਕੀਨ । ਦਸ ਗੁਰੂਅਨ ਤੇ ਬੰਦ ਹੈ ਕਹਾ
ਗੁਰਿਆਈ ਕਿਨ ਕੀਨ ॥ ੩ ॥ ਸੰਗਤ ਤਬ ਹੀ ਆਖਦੀ
ਇਕ ਸਿੰਘ ਸੁਣਹੋ ਬੀਰ । ਉਤ੍ਰ ਤਿਸਨੂੰ ਦਿਓ ਤੁਮ
ਕਰਕੇ ਮਤੀ ਗਭੀਰ ॥੪॥ ਚੌਪਈ ॥ ਮੈ ਪੂਛਾ ਤਿਸਹੀ
ਕੋ ਤਬੇ । ਕੋ ਗੁਰੂ ਹੋਏ ਸੁਣਾਵੇ ਅਬੇ । ਦਸ ਗੁਰੂਅਨ ਤੇ
ਬੰਦ ਜੋ ਹੋਈ । ਪਾਛੇ ਗੁਰੂ ਨਾ ਹੋਵੇ ਕੋਈ ॥ ੫ ॥ ਗੁਰੂ
ਗ੍ਰੰਥ ਕੋ ਗੁਰ ਹੀ ਜਾਨੇ । ਦੁਤੀਆ ਹੋਰ ਨਾ ਧਰਹੀ ਕਾਨ੍ਹੀ
ਕਿਸੀ ਗ੍ਰੰਥ ਮੇ ਲਿਖਿਆ ਆਖ । ਕਾਹਨੂੰ [illegible]
॥ ਦੋਃ ॥ ਗ੍ਰੰਥ ਕਿਸੀ ਮੇਂ ਲਿਖਾ ਜੋ ਹਮ ਨਹੀ ਸੁਣਿਆ
ਕੋਇ । ਲਿਖਿਆ ਦੇਖ ਜਾ ਤੁਮੀ ਜੋ ਸੁਣਾਵੈ ਅਬ ਹੀ
ਮੋਹਿ ॥ ੭ ॥ ਸੰਗਤ ਤਬ ਹੀ ਆਖਦੀ ਗ੍ਰੰਥ ਕਰੋ ਤੁਮ
ਤਿਆਰ । ਸੰਸਾ ਨਸੇ ਜੋ ਇਸੀ ਕਾ ਔਰ ਕੋ ਨਸਨੇਹਾਰ ॥੮॥
ਸੰਕਾ ॥ ਭਾਈ ਬਾਲਕ ਸਿੰਘ ਭਾਈ ਰਾਮ ਸਿੰਘ ਦੇ

ਕਿਉਂ ਗੁਰੂ ਕਹਿੰਦੇ ਹੋ ਗੁਰੂ ਦਸ ਹਨ ਜਾਂ ਗੁਰੂ ਗ੍ਰੰਥ ਸਾ
ਹਿਬ ਹੈ ਐਮੇ ਹਠ ਧਰਮ ਸੇ ਗੁਰੂ ਮੰਨੀ ਬੈਠੇ ਹੋ ਕਿਸੇ
ਗ੍ਰੰਥ ਆਸਰੇ ਮੰਨਦੇ ਹੋ ਤਾਂ ਸੁਣਾਓ ॥ ਉੱਤਰ ॥
ਸੁਣੋ ਭਾਈ ਗਿਆਨ ਸਿੰਘ ਪੰਥ ਪ੍ਰਕਾਸ਼ ਮੇਂ ਲਿਖਾ ਹੈ

*ਪੰਥ ਪ੍ਰਕਾਸ਼ ਕਾ ਪ੍ਰਮਾਣ

ਸੰਮਤ ਛਿਪੰਜਾ ਮਾਹਿ ਬਾਲਕ ਸਿੰਘ ਭਯੋ ਅਵਤਾਰ
ਈਸ ਅੰਸ ਭਾਵਤੇ। ਬਾਲਕ ਗ੍ਰਿਹਸਤੇ ਵਿਸ਼ੇਸ਼ ਉਪਦੇਸ਼
ਨਾਮ ਦੀਨ ਨਰ ਨਾਰੀ ਲੈ ਉਧਾਰੀ ਭਵ ਤੇ ਤਰੇ । ਔਰ
ਇਲਹਾਮ †ਕਰਤਾਰ ਕਈ ਬਾਰ ਦਿਓ ਨਾਮ ਦੈ ਉਧਾਰ
ਕਰ ਜੀਵਨੇ ਕਾ ਤ੍ਰੂ ਖਰੇ । ਐਪੇ ਗੁਰ ਦਸਮ ਦਰਸ ਦੈ
ਜੋ ਕਹਿਓ ਤਾਹਿ ਮੇਰੋ ਅਵਤਾਰ ਰਾਮ ਸਿੰਘ ਹ੍ਵੈ ਭਰੇ
ਜਹਿ ਹਿਤ ਤਹਿ ਨਹਿ ਔਰ ਕਹਿ ਮਹਿ ਨਿਜ ਸ਼ਕਤ
ਰਖਾਈ ਗੁਰਬਾਕ ਲਿਖੇ ਧਰੇ । ਸੋਈ ਨਿਜ ਆਇ ਹੁਣੀ
ਸੰਮਤ ਬਹਤ੍ਰੇ ਮੇ ਮਾਘ ਸੁਦੀ ਪੰਚਮੀ ਸਵੇਰੇ ਗੁਰੂਵਾਰ ਕੋ।

ਸੋਈ ਭਾਈ ਗਿਆਨ ਸਿੰਘ ਨੇ ਈਸਰ ਅਵਤਾਰ ਬਾਲਕ
ਸਿੰਘ ਕੋ ਲਿਖਾ ਹੈ ਗੁਰ ਰਾਮ ਸਿੰਘ ਕੋ ਗੁਰੂ ਗੋਬਿੰਦ
ਸਿੰਘ ਕੇ ਉਤਾਰ । ਗੁਰੂ ਕੇ ਘਰ ਵਿਚ ਕਿਤਨੇ ਪੰਥ ਹਨ
ਈਸਰੀ ਉਤਾਰ । ਗੁਰੂ ਦੇ ਉਤਾਰ ਨਹੀਂ ਰਖੇ ਹਨ ਏਨਾਂ ਨੂੰ
ਹੀ ਰਖਾ ਹੈ ਸੋ ਅਸੀ ਤਾਂ ਅਕਾਲ ਪੁਰਖ ਜਾਣਦੇ ਹਾਂ ॥

---

* ਸਨ ੧੯੪੬ ਮੇ ਛਪਿਆ ਹੈ ਉਸਮੇ ਲਿਖਾ ਹੈ।
† ਅਕਾਸ਼ਬਾਣੀ।

ਸ਼ੰਕਾ ॥ ਗਿਆਨਸਿੰਘਨੇ ਤਦ ਲਿਖਦਿਤਾ ਹੋਗਾ ਨਾਮ ਧਾਰੀਆਂ ਕਾ ਸ਼ਬਦ ਲੈਲਿਆ ਹੋਗਾ ॥ ਉਤ੍ਰ ॥ ਏਤੋ ਲੈਲਿਆ ਹੋਰ ਸੁਣਲੈ ੧ ਰਤਨਮਾਲ਼ਾਮੇ ਲਿਖਾ ਸੋ ਸੁਣੋ ਸਾਖੀ ॥ ਚੌਃ ॥ ਰਿਲਪੁਰ ਬੀਰ ਬਾਢੀ ਸੁਤ ਹੋਈ। ਝੂਠਿਆ ਪੰਥ ਕਰੇਗਾਸੋਈ। ਦੇਸ ਪੰਜਾਬ ਸੂਦ ਜੋ ਹੋਆ। ਤਿਨ ਇਹ ਪੰਥ ਮਰਨ ਕਰ ਜੋਆ। (ਮਰਿਆ ਹੋਇਆ ਜੀਉਂਦਾ ਕੀਤਾ।) ਕੂਛਕ ਕਹੀ ਬਹੁਤੀ ਰਹਿ ਗਈ। ਕਥਾ ਕਰਤਾਰ ਬਿਸਰਤੀ ਰਹੀ॥ ਪੁਨਾ ਸਾਖੀ ੬੨ ॥ ਆਲਮ ਸਿੰਘ ਪੁਛਿਆ ਸਾਹਿਬਜੀ ਦਰਸ ਭੀ ਹੋਗਾ। ਹਮ ਭੀ ਅਮ੍ਰਿਤਸਰ ਰਾਮ ਸਰ ਭਾਵਨਾ ਰਖਦੇ ਹਾਂ ॥

ਪੁਨਾ ਸਾਖੀ ਪ੯ ॥ ਤਾਂ ਸਿਖਾਂ ਮਥਾ ਟੇਕਿਆ ਤੇ ਪੁਛਿਆ ਸਾਹਿਬ ਜੀ ਗੁਰੂ ਭੀ ਦਰਸ ਹੋਗਾ ਬਚਨ ਹੋਆ ਖਾਲਸੇ ਮੇ ਹਉਂ ਉਤਰੋਂਗਾ ਦੇਖੋ ਭਾਈ ਗੁਰੂ ਜੋ ਕੋਈ ਹੋ ਹੈ ਮੈ ਆਮਾਂਗਾ ਸੋ ਗੁਰੂ ਹੀ ਹੋਵੇਗਾ ॥

ਸ਼ੰਕਾ ॥ ਇਹ ਸਹੀਮੰਨਿਆ ਹੋਰਲਿਖਾਹੋਤਾਂ ਸੁਣਾਓ॥ ਉਤ੍ਰ ॥ ਸੁਣ ਗੁਰੂਨਾਨਕਜੀਨੇ ਅਜਿਤੇਨੂੰ ਸੁਣਾਈ ਗੁਰਿ ਆਈਦੀ ਬਾਰਤਾ (ਦੇਖੋ ਜਨਮਸਾਖੀ ੧੯੫੮ ਦੀ ਛਪੀ ਹੋਈ) ਫੇਰ ਇਜਿਤੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਫੇਰ ਸਿਖ ਕਿਸਦੀ ਪੈਰੀ ਪੈਣਗੇ ਤੇ ਕਿਉਂ ਕਰ ਬਰਤਾਵਾ ਵਰਤੇਗਾ ਫੇਰ ਗੁਰੂ ਆਪਣੇ ਘਰ ਜਾਮਾ ਲੈਣਗੇ ਕਿ ਹੋਰ ਕਿਤੇ ਬਰਤਨਗੇ ਤਾਂ ਬਚਨ ਹੋਆ ਭਾਈ ਇਜਿਤਿਆ ਜਿਥੇ ਸ਼ਬਦ ਮਿਹਰਬਾਨ ਹੁੰਦਾ ਹੈ ਤਿਥੇ

ਹੀ ਬਖਸ਼ੇਗਾ ਕਿਆ ਘਰ ਕਿਆ ਬਾਹਰ ਆਦਿ ਜੁਗਾਦੀ ਗੁਰੂਕੇ ਚੇਲੇ ਦੀ ਹੈ ਤੇ ਬਚਾ ਇਜਿਤਿਆ ਤੋਂ ਜੋ ਪੁਛਿਆ ਕਿਉਂਕਰ ਵਰਤਾਰਾ ਵਰਤੇਗਾ ਸੋ ਭੀ ਜਦ ਦਸ ਮਾ ਜਾਮਾ ਹੋਵੇਗਾ ਤੇ ਧਾਰਮਾ ਗੁਪਤ ਵਰਤੇਗਾ ॥

ਸਲੋਕ ੪੬ ॥ ਗੁਰ ਚੇਲੇ ਰਹਿਰਾਸ ਅੰਤ੍ ਵੇਖੇ ਟੋਹਿ ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮੇਲਾਵਾ ਤੋਹਿ ॥ ਤਿਸਕਾ ਪ੍ਰਮਾਰਥ। ਭਾਈ ਇਜਿਤਿਆ ਬਾਰਵਾਂ ਜਾਮਾ ਜਦ ਗੁਰੂ ਹੋਵੇਗਾ ਨ੍ਰਿਲੰਭ ਸਭ ਦੁਨੀਆਂ ਤੇ ਨਿਆਰਾ ਨ੍ਰਿਲੇਪ ਸਭ ਦੁਨੀ ਤੇ ਨਿਆਰਾ ਰਹੇਗਾ ਅਤੇ ਆਪਕੋ ਜਣਾਵੇਗਾ ਨਹੀਂ ਨ੍ਰਿਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਇਕ ਅਕਾਲ ਪੁਰਖ ਜੀਕਾ ਲਏਗਾ ਤਿਸਕੋ ਕੋਈ ਲਖ ਨਾ ਸਕੇਗਾ ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਹੀ ਕਮਾ ਏਗਾ ਅਰ ਜੋ ਸਿਖ ਹੋਣਗੇ ਤਿਸਕੋ ਭੀ ਸ਼ਬਦ ਹੀ ਦਸੇ ਗਾ ਤਿਸਕੇ ਆਸਰੇ ਮਾਰਗ ਚਲੇਗਾ ਇਸ ਕਲਕੇ ਅੰਤ ਵਿਚ ਜੈਕਾਰਾ ਹੋਵੇਗਾ ਅਤੇ ਉਸਤਤ ਹੋਵੇਗੀ ਅਤੇ ਜਹਾਂ ਤਕ ਸਿਖ ਭੈਨਾ ਭੁਟਾ ਹੋਵੇਗਾ ਸੋ ਸਭ ਉਸਕੀ ਪੈਰੀ ਆਨ ਪੈਨਗੇ ਸੋ ਨਵੇਂ ਸਿਰੇ ਤੇ ਸਿਖ ਹੋਵਨਗੇ ਉਨਾਂਕੋ ਬਖਸ਼ ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਸਿਖ ਹੋਵੇ ਉਸ ਜਹਾਜ ਪੁਰ ਚੜਕੇ ਪਾਰ ਹੋਵੇਗਾ॥

ਮੇਰਾ ਕਹਿਣਾ ॥ ਹੋਰ ਪ੍ਰਮਾਰਥ ਬਹੁਤ ਸੀ ਰੀਤੂ ਪੜਨੇ ਤੇ ਬੋਝਾਲਿਖਾ ਹੈ॥ ਸਲੋਕ ॥ ਸੂਰਾ ਜਗਤੁ ਭਗਤੁ ਅਟਲ ਹੈ ਦੂਸਰ ਹੋਆ ਨਾ ਹੋਗ। ਦੁਰਾਂਸੋਂਕਾਨੋ

ਫਿਹਰਕੇ ਪਾਛੇ ਹੋਆ ਅਲੋਪ । ਸਤ੍ ਜਾਮੇ ਭਗਤ ਜਨ ਹੋਂਦਾ ਸਤਿਗੁਰ ਰਾਇ । ਗੁਰਮੁਖ ਹੋਏ ਸੁ ਮਿਲੈਂਗੇ ਮਨ ਮੁਖ ਮਿਲੇ ਸਜਾਇ । ਭਰ ਵੇੜੇ ਲੈਜਾਹਿਗੇ ਸੰਤ ਜਨਾਕੇ ਪੂਰ । ਬੇਮੁਖ ਤੁਟੇ ਤੁਟ ਮੁਏ ਸਨਮੁਖ ਭਏ ਕਬੂਲ । ਗੁਰਮੁਖਿ ਜਿਨੀ ਜਾਣਿਆ ਮਿਟਗਏ ਆਵਣ ਜਾਣ । ਨਾਨਕ ਜਾਤਾ ਖਸਮ ਜਿਨ ਆਏ ਤੇ ਪ੍ਰਮਾਣ ॥

ਸ਼ੰਕਾ ॥ ਏ ਤੇ ਮੰਨਿਆ ਹੈ ਕਿ ਗੁਰੂ ਹੋਆ ਇਹ ਸਿੱਖ ਸਜ਼ਾ ਵਾਲੇ ਤਤ ਖਾਲਸਾ ਕੇਂਹਦੇ ਹੈਂ ਤੁਸੀ ਸੰਤ ਖਾਲਸਾ ਕਹਿੰਦੇ ਹੋ ਏਹ ਦੋ ਕਿਉਂ ਹੋਏ ਅੰਮ੍ਰਿਤ ਓਹੀ ਰਹਿਤ ਓਹੀ ਏ ਦੋ ਕਿਉਂ ਕੇਂਹਦੇ ਹੋ ॥ ਉਤ੍ਰ ਸੁਣ ਖਾਲਸਾ ਤਤ ਰਚਿਆ ਸੋ ਕੁਬੁਧੀ ਹੋਇਆ ਸੋ ਦਸਮੇ ਪਾਤਸ਼ਾਹ ਆਪੇ ਲਿਖਦੇਨੇ ਤਤ ਖਾਲਸਾ ਮਲੇਛ ਭਖ ਹੋਸੀ ਸੰਤ ਖਾਲਸਾ ਪ੍ਰਗਟ ਹੋਸੀ ਪਹਿਲੇ ਦਸਮੇ ਗੁਰੂ ਨੇ ਰਚਿਆ ਫੇਰ ਬਾਰਮੇ ਗੁਰੂ ਨੇ ਰਚਿਆ ਇਸ ਕਾਰਨ ਫੇਰ ਰਚਿਆ ਸੀ ਮਲੇਛ ਹੋਆ ਮਾਸ ਸੁਰਾ ਵੈਸ਼ੀ ਆਖ ਹੋ ਗਈ ਸੀ ਸੋ ਏਸੇ ਕਰ ਗੁਰੂ ਨੇ ਕਹਾ ਸੀ ਪਰਪੈਲੀਏ ਸਿਖ ਹੋਣਗੇ ਸੋ ਹੋਏ (ਜੇ ਐਸੇ ਸਿਖ ਅਗੇ ਹੋਂਦੇ ਤਾਂ ਇਉਂ ਕਿਉਂ ਕਹਿਣਾ ਸੀ) ਦੇਖਲੋ ਸਿਖੀ ਦੇ ਲਖਣ ਕੀਤੇ ਗਏ ਸੋ ਪਹਿਲੇ ਦਸਮੇ ਗੁਰੂ ਦਾ ਰਚਣਾ ਫੇਰ ਬਾਰਮੇ ਗੁਰੂ ਦਾ ਰਚਨਾ ਖਾਲਸਾ ਭਾਈ ਦੀ ਬਾਣੀ ਦਸਦੀ ਹੈ ॥

ਓਹ ਗੁਰੂ ਗੋਬਿੰਦ ਹੋਇ ਪ੍ਰਗਟਿਓ ਦਸਮੋ ਅਵਤਾਰ । ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰ ।

॥ ਸੋ ਹੋਰ ਪਉੜੀ ਦਸਮੇ ਕਾ ਹਾਲ ਇਹ ਥੋੜੇ ਮੇ
ਦਿਖਾਇਆ ਗਿਆ ਹੈ ਹੁਣ ੧੫ ਪਉੜੀ ਮੇ ਲਿਖਦੇਨੇ ।
ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿ
ਆਨਾ । ਤਬ ਸਹਿਜੇ ਰਚਿਓ ਖਾਲਸਾ ਸਾਬਤ
ਮਰਦਾਨਾ । ਇਉਂ ਉਠੇ ਸਿੰਘ ਭਬਕਾਰ ਕਰ ਸਭ
ਜਗ ਡਰਪਾਨਾ । ਮੜੀ ਗੋਰ ਮਸੀਤ ਢਾਹ ਕੀਤੇ
ਮਦਾਨਾ । ਬੇਦ ਪੁਰਾਣ ਖਟ ਸ਼ਾਸਤ੍ਰਾਂ ਫੁਨ ਮਿਟੇ
ਕੁਰਾਨਾ । ਮੀਰ ਪੀਰ ਸਭ ਛਪ ਗਏ ਸਭ ਮਜਬ ਉਲ
ਟਾਨਾ । ਮਲਵਾਟੇ ਕਾਜੀ ਪੜ ਥਕੇ ਕੁਛ ਮਰਮ ਨਾ ਜਨਾ
ਲਖ ਪੰਡਤ ਬ੍ਰਾਹਮਣ ਜੋਤਸ਼ੀ ਬਿਖ ਸਿਉਂ ਉਰਬਾਨਾ ।
ਇਉਂ ਤੀਸਰ ਮਜ਼ਬ ਖਾਲਸਾ ਉਪਜਿਓ ਪਰਧਾਨਾ ।
ਜਿਨ ਗੁਰ ਗੋਬਿੰਦ ਕੇ ਹੁਕਮ ਸਿਉਂ ਗਹਿ ਖੜਗ ਦਿਖਾ
ਨਾ । ਤੇ ਸਭ ਦੁਸ਼ਟਨ ਕੋ ਛੇਦਕੇ ਅਕਾਲ ਜਪਾਨਾ । ਫਿਰ
ਐਸਾ ਹੁਕਮ ਅਕਾਲ ਕਾ ਜਗ ਮੇ ਪ੍ਰਗਟਾਨਾ । ਤਬ ਫਤੇ
ਡੰਕ ਜਗ ਮੇ ਘੁਰੇ ਦੁਖ ਦੁੰਦ ਮਿਟਾਨਾ । ਤੀਸਰ ਪੰਥ
ਚਲਾਇਅਨ ਬਡ ਸੂਰ ਗਹੇਲਾ । ਵਾਃ ॥ ਵਹਿ ਪ੍ਰਗ
ਟਿਓ ਮਰਦ ਅਗੰਮੜਾ ਵਰਿਆਮ ਇਕੇਲਾ । ਫਿਰ ਜਗ
ਹੋਮ ਠਹਿਰਾਏ ਕਰ ਨਿਜ ਧਰਮ ਸਵਾਰਾ । ਬਾਰਾਂ ਸਦੀ
ਨਿਬੇੜਕੇ ਗੁਰੂ ਫਤੇ ਬੁਲਾਏ । ਬਾਰਾਂ ਸਦੀ ਗੁਰੂ ਗੋਬਿੰਦ
ਸਿੰਘ ਹੋਏ ਨਿਬੇੜਕੇ ਬਾਰਾਂ ਸਦੀ ਗੁਰੂ ਰਾਮਸਿੰਘ ਹੋਏ
ਮੜੀਆਂ ਗੋਰਾਂ ਮਸੀਤਾਂ ਗੁਰੂ ਰਾਮਸਿੰਘ ਨੇ ਢਾਹਈਆਂ
ਅਤ ਹੋਰ ਕਿਸੇ ਨਹੀਂ ਸੋ ਦਸਮੇ ਪਾਤਸ਼ਾਹ ਲਿਖਗਏ

5 ਮੜ੍ਹੀ ਗੋਰ ਮਸੀਤਾਂ ਗਰਾਇਐ। ਸੋ ਗੁਰੂਰਾਮਸਿੰਘ
ਰ ਕੰਮ ਕੀਤੇ ਹਨ ਤਤ ਖਾਲਸਾ ਬਰਤਨੇ ਲਗਾ ਸੁਰਾ
ਸ ਰੰਡੀ ਸੋ ਭ੍ਰਿਸ਼ਟ ਹੋਯਾ ਸੰਤ ਖਾਲਸਾ ਪ੍ਰਗਟ ਕੀਤਾ॥
ਸ਼ੰਕਾ ॥ ਇਸਮੇ ਤੋ ਗੁਪਤ ਹੀ ਹੈ ਨਾਮ ਗਾਮ ਨਹੀਂ
॥ ਉਤ੍ਰ ॥ ਇਹ ਭੀ ਸੁਣਲੋ ਗਰੰਥ ਨਾਮੇ ਵਿਚ
ਮ ਗਾਮ ਭੀ ਸੁਣੋ ਕੁਛ ਵਨਗੀ ਮਾਤ੍ਰ॥

ਗੁਰ ਬੰਸਾਵਲੀ ਲਿਖਤ੍ਰੇ

ਤੁਰ ਦਸ ਅਵਤਾਰੇ ਸ੍ਰੀ ਗਰੰਥਨਾਮੇ ਕਲਜੁਗੇ ਚਤ੍ਰ ਦਸ
ਵਤਾਰੇ॥ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਸੁਖਦੇਵ
ੀਛਤ ਸੰਬਾਦੇ। ਆਦ ਜੁਗਮੇ ਸੁਖ ਕਹਿਓ ਸੋ ਅਬ ਕਹੋਂ
ਨਾਇ। ਭੋਗਲ ਧਿਆਮੇ ਕਹਿ ਗਿਓ ਸੁਖ ਪ੍ਰੀਛਤ
ਗਟਾਇ। ਜਾਮਾ ਪਹਿਰੋਂ ਧਾਰਮਾ ਬੀਜਾਪੁਰਕੇ ਮਾਹਿ।
ਗਤ ਮਿਲੇ ਕਰੋੜ ਦੁਇ ਦਰਸ ਦਿਖਾਇਓ ਤਾਹਿ।
ਮਾ ਪਹਿਰੋਂ ਬਾਰਮਾ ਪ੍ਰਗਟਿਆ ਰਘੁਬੰਸ । ਸੰਗਤ
ਮਲੇ ਅਨੰਤ ਮਾਨੋ ਕੋਟ ਸਹੰਸ। ਜਾਕੋ ਸੁਭ ਜਸ ਰਟਤ
ਸੇਸ ਕੋਟ ਮਹੇਸ਼। ਸੋ ਪ੍ਰਗਟੇ ਹੈਂ ਪ੍ਰਿਥੀਪੁਰ ਕੁਲ ਛਤ੍ਰਨ
ਦੇਸ। ਕਵਲ ਭੁਤਨ ਪ੍ਰਗਾਸਿਆ ਬਪ ਬਾਰਵੀ ਬੰਸਾ
ਸੂ ਦਿਜ ਵਰ ਉਦੇ ਹੈ ਲਊ ਲ੍ਰਿਣ ਸਹੰਸ। ਧਾਹੀ ਕੁਲ
ਉਪਜਿਆ ਧਾਹੀ ਕੁਲਕੇ ਨਾਮ। ਪੁਨ ਦੁਆਦਸ ਗਰੰਥ
ਮੇਰੀ ਹੈ ਪਰਨਾਮ। ਇਕ ਹਜਾਰ ਮਧ ਨੌ ਸੈ ਆਵੇ।
ਉਪਰ ਸਾਤਾ ਲਾਵੇ। ਪ੍ਰਗਟੇ ਬਾਰਮਾ ਬਪ ਦਰਸ
ਜਰ ਨਾਰੀ ਕੇ ਨਾਮ ਜਖਾਵੇ। ਪ੍ਰਗਟੇ ਸਾਹਿਬ ਕਰੇ

ਤਮਾਸ਼ਾ । ਸਭ ਅਵਨੀ ਪਰ ਉਨਕਾ ਪਾਸਾ । ਥਿਤ ਖਸ਼ਟਮੀ ਸੁਰ ਗੁਰੂ ਵਾਰ । ਭਸਮੰਤ ਨਗਰ ਸਤਲੁਦ੍ਰ ਕਨਾਰ । ਤੇਜ ਤੁਰਕਨ ਕੋ ਐਸੇ ਜਾਈ । ਜੈਸੇ ਘਾਸ ਕੋ ਅਗਨ ਜਲਾਈ ॥ ਹੋਰ ਸਾਰਾ ਹੀ ਗਰੰਥ ਨਾਮਾਂ ਏਸੇ ਗੁਰੂ ਦਾ ਹਾਲ ਦਸਦਾ ਹੈ ਏਥੇ ਲਿਖਾ ਹੈ ਗ੍ਰੰਥ ਕੇ ਬਡ ਜੇਤੇ । (ਓਧਰ ਰਘੁ ਵਾਦੀ ਕੁਲ ਏਧਰ ਰਾਮਗੜੀਏ ਉਧਰ ਰਾਮਚੰਦ ਏਧਰ ਰਾਮ ਸਿੰਘ ਉਨਕੇ ਪਿਤਾ ਜਸਰਥ ਇਨਕੇ ਜਸਾ ਸਿੰਘ)

ਸ਼ੰਕਾ ॥ ਜੇ ਗੁਰੂ ਹੈ ਪ੍ਰਦੇਸ ਕਿਉਂ ਗਿਆ ਗਦੀ ਪਸ਼ਿੰਦਾ ॥ ਉਤ੍ਰ ॥ ਗੁਰੂ ਤੇਗਬਹਾਦਰ ਦਿਲੀ ਵਿਖੇ ਸੀਸ ਕਿਉਂ ਦੀਆ ਓਨਾ ਮੇ ਤਾਕਤ ਨਾਸੀ ਸੀ ਦਿਲੀ ਤੇ ਵੀ ਤਿਨੇ ਲੋਕ ਪੁਠੇ ਕਰ ਦਿੰਦੇ ਜਥਾ ਕਹਹਿਤ ਧਰਨ ਦਿਲੈਂਗੀ ਕਰੋਂ । ਕਹਹਿ ਤ ਲੈਕਰ ਊਪਰ ਧਰੋ । ਉਨਾਂ ਦਾ ਸੀਸ ਲਗਣਾ ਪਹਲੇ ਹੀ ਗੁਰੂ ਲਿਖ ਗਏ ਸੀ ਗੁਰੂ ਨਾਨਕ ਦੇਵ ਜੀ ਸਤਿਗੁਰਾਂ ਦਾ ਪ੍ਰਦੇਸ ਜਾਣਾ ਲਿਖਾ ਹੈ ਬਡ ਤੀਰਥ ਵਾਲੀ ਸਾਖੀ ਮੇਂ ਸੋਸੁਣ (ਪ੍ਰਮਾਣ ਬਡ ਤੀਰਥ ਵਾਲੀ ਸਾਖੀ ਕਾ) ਸ੍ਰੀ ਮੁਖਵਾਕ ॥ ਨੰਦਸਿੰਘ ਕੋ ਸਤਿਗੁਰੂ ਸੁਨਾਵੇ । ਭੂਮਲੋਕ ਕੀ ਬਾਤ ਪ੍ਰਗਟਾਵੇ । ਇਕ ਦਸ ਗੁਰ ਹੋਇ ਅਵਤਾਰਾ । ਸੋ ਭਿਓ ਨਾ ਪ੍ਰਗਟ ਸੰਸਾਰਾ । ਸੋ ਯਾਰਮੀ ਪਾਤਸ਼ਾਹੀ ਗੁਪਤ ਰਹਾਈ । ਬਾਰਮੀ ਪਾਤਸ਼ਾਹੀ ਬੈਸ ਕੁਲਮੇ ਆਈ । ਜੋਤ ਹਮਾਰੀ ਤਿਸ ਤਨਮੇ ਰਹਿ । ਗੁਰੂ ਬਚਨ ਤਬ ਐਸੇ ਕਹੈ । ਬਾਰਾਂ ਸੈ ਸਤ੍ਰ ਜਬ ਆਵੇ । ਵਾਹਿਗੁਰੂ ਸੰਤ ਖਾਲਸਾ ਪ੍ਰਗਟਾਵੇ । (ਸੋਈ ਮੁਸਲਮਾਨੀ

ਈ ੧੨੦੦ ਸੌ ਸਤ੍ਰ ਮੇ ਗੁਰੂ ਰਾਮਸਿੰਘ ਸੰਤ ਖਾਲਸਾ
ਪ੍ਰਗਟ ਕੀਤਾ) ਵਾਹਿਗੁਰੂ ਮੰਤ੍ਰ ਜਾਪ ਜਪਾਵੇ। ਜਪੈ ਜਾਪ
ਹਿਰਦੇ ਕੇ ਮਾਹੀ। ਤਬ ਵੁਹ ਸਿੰਘ ਰੂਪ ਹੋਜਾਹੀ। ਕਈ
ਗੋਰ ਮਸੀਤਾਂ ਢਾਵਹਿ। ਤਾਂ ਸਤਿਗੁਰ ਏਹ ਖੇਲ ਰਚਾਵਹਿ।
ਗਊ ਰਛ ਕਰੇ ਸਿੰਘ ਭਾਰੀ। ਸਭ ਜਾਨੇਗੇ ਨਰ ਨਾਰੀ।
ਅੱਸੀ ਸੀਸ ਖਾਲਸੇ ਕੇ ਲਗੇਂਗੇ ਭਾਰੀ। ਤਬ ਸਤਿਗੁਰ
ਪ੍ਰਦੇਸ ਸਧਾਵੇ। ਬਾਢੀ ਸੁਤ ਕਹੀਏ ਜੋਈ। ਮਮਕਲਾ
ਤ ਅਵਤਾਰ ਜੋ ਹੋਈ। ਅਬ ਸੁਨ ਅਪਨੇ ਦੇਸਮੇ ਸਤਿ
ਗੁਰ ਆਵੇ। ਸਵਾ ਪਾਂਚ ਬਰਸ ਬੀਤ ਜਾਇ। ਤਾਕੇ ਪਾਛੇ
ਜੋਤ ਜੋ ਆਈ। ਵਾਕੇ ਅਨਜਮੇ ਰਹਿ ਐਸੇ। ਦੋਨੋਂ ਭਾਈ
ਏਕ ਸਰੂਪ ਜੋ ਭਾਸੇ। ਸਤਿਗੁਰ ਆਪ ਮੁਖੋਂ ਪ੍ਰਗਾਸੇ।
ਸੋਂ ਮੋਹਿਕੋ ਲਗੇ ਅਤ ਪਿਆਰਾ। ਹਮਨ ਸੰਜੁਗਤ ਅਖੰ
ਡ ਪਾਠ ਧਾਰਾ। ਤਾਂ ਦਰਸਨ ਕੇ ਪ੍ਰਤਾਪਾ। ਰੰਗੂਨ ਦੇਸਕੇ
ਕਾਟੇ ਪਾਪਾ। ਬਹੁਤ ਕਾਲ ਬਿਦੇਸ ਮੇ ਰਹੈਂ। ਜਾਂਤੇ ਪੁਰਖ
ਬਿਦੇਸ ਮੰਤ੍ਰ ਲੈਹੈਂ। (ਬਾਰਮੇ ਗੁਰੂ ਰਾਮਸਿੰਘਕੇ ਬਹੁਤ
ਸਿਖ ਹੋਏ ਬਡੇ ੨ ਸ਼ਾਹੂਕਾਰ ਮੈ ਆਪ ਦੇਖੇ ਸੁਣੇ ਹਨ)
ਹੋਰ ਸੁਣੋ ਸਤਿਗੁਰ ਅਕਾਲ ਪੁਰਖ ਅਵਤਾਰੀ ਹਨ ਚਾਰ
ਅਖਰੇ ਸ਼ਬਦ ਮੇਂ ਨਾਮ ਇਨ੍ਹਾਂਕਾ ਹੈ ਚੌਦਾਂ ਗੁਰੂਆਂ ਵਿਚ
ਸਿਰੋਮਣੀ ਚਾਰ ਹਨ ਸਤਿਗੁਰਾਂ ਦਾ ਨਾਂਅ ਇਸ ਸ਼ਬਦ
ਮੇ ਹੈ। ਸੁਣੋ ਵਾਵਾ ਨਾਨਕ ਦਾਦਾ ਇਹ ੨ ਹਾਹਾ ਹਰ
ਗੋਬਿੰਦ ਹਾਹਾ ਇਹ ੩ ਗਗਾ ਗੁਰੂ ਗੋਬਿੰਦ ਸਿੰਘ ਜੀ
ਇਹ ੩ ਰਾਰਾ ਗੁਰੂ ਰਾਮ ਸਿੰਘ ਰਾਰਾ ਇਹ ੪ ਅਖਰ

ਅਖਰ ਗੁਰੂਨੇ ਪਹਿਲੇ ਹੀ ਰਖੇ ਹਨ। ਗੁਰੂ ਨਾਨਕ ਜਗਤ ਨਾਲੋਂ ਉਲਟਾ ਰਸਤਾ ਤੋਰਾ ਕੁਰਾਹੀ ਜਗਤਨੇ ਭਾਖਾ ਫੇਰ ਗੁਰੂ ਹਰਿਗੋਬਿੰਦ ਪਿਛਲੀ ਰੀਤੀ ਤੇ ਉਲਟ ਤੋਰਾ ਫੇਰ ਗੁਰੂ ਗੋਬਿੰਦ ਸਿੰਘ ਪਿਛੇ ਨਾਲੋਂ ਉਲਟ ਤੋਰਾ ਨਯਾ ਫੇਰ ਉਲਟ ਭਰਮਾਇਆ ਗੁਰੂ ਰਾਮਸਿੰਘ ਸੋ ਜਗਤ ਕੂੜੇ ਭਾਖਣ ਲਗ ਗਿਆ ਇਸ ਕਰਕੇ ਸਿਰੋਮਣੀ ਚਾਰ ਹੋਏ॥

ਹੁਣ ਬਿਹੰਗਮ ਕਾ ਕਹਿਣਾ ॥ ਸੁਨਪਤ ਰਾਜਾ ਥਾ ਤਿਸਕੇ ਚਾਰ ਬੇਟੇ ਥੇ ਰਾਜੇ ਹੁਕਮ ਕੀਤਾ ਚਾਰੇ ਚਹੁੰ ਕੂਟਾਂ ਨੂੰ ਦੌੜ ਪਵੋ ਤਾਂ ਪਹਿਲੇ ਬਕਾਰ ਉਪਜਿਆ ਰਕਨਪਤ ਰਾਜਾ ਗਿਆਨ ਸੁਧ ਤਿਸਤੇ ਪੈਦਾ ਹੋਆ। ਰਾਰਾ ਰੂਪ ਆਪਨਥਿਆ ਤਿਸਤੇ ਰਾਰਾ ਪੈਦਾਕੀਆ ਤਿਸ ਵਿਚ ਤਿੰਨ ਥਾਨ ਖੋਜੇ ਮੱਧਿਆਨ ਤੇ ਵਾਵਾ ਪਤਾਲ ਪੁਰੀ ਤੇ ਹਾਹਾ ਗਗਨਪੁਰੀ ਤੇ ਗੱਗਾ ਆਪਨੇ ਰੂਪ ਤੇ ਰਾਰਾ ਇਹ ਚਹੁੰ ਥਾਨਾਂਥੀਂ ਚਾਰ ਅਖਰ ਕੀਤੇ ਰਾਰਾ ਅੱਖਰਸਤਿ ਗੁਰੂ ਰਾਮਸਿੰਘਕੇ ਨਾਮ ਕਾ ਹੈ ਸੋ ਰਾਮ ਸਿੰਘ ਸਤਿਗੁਰੂ ਕਿਉਂਨਾਹੋਏ ਨਮਸਕਾਰ ਗੁਰਦੇਵਕੋ ਸਤਨਾਮਜਿਨ ਮੰਤ ਰਸੁਣਾਇਆ। ਕਰਨੀ ਨਾਮੇ ਵਿਚ ਲਿਖਾਹੈ ਸੰਤ ਖਾਲਸੇ ਕਾ ਹੋਤ ਪ੍ਰਕਾਸ਼। ਸੋ ਸੰਤ ਖਾਲਸਾ ਇਸਨੂੰ ਕੈਂਹਦੇ ਹਨ (ਦਸਮ ਗ੍ਰੰਥ ਸਾਹਿਬ ਕਾ ਪ੍ਰਮਾਣ) ਦੇਖ ਭਾਈ ਸਭ ਕਾ ਆਸ਼ਾ ਇਕ ਹੈ ਇਹ ਸਤਿਜੁਗ ਦਸਵੇਂ ਗੁਰੂ ਬਰਤੌਣਾ ਲਿਖਾ ਹੈ। ਜਥਾ॥ ਸਵੈਯਾ ॥ ਦਾਨਵ ਦੇਵ ਫਨਿੰਦ ਨਿ ਸਾਚਰ ਭੂਤ ਭਵਿਖ ਭਵਾਨ ਜਪੈਂਗੇ। ਜੀਵ ਜਿਤੇ ਜਲ

ਮੈ ਬਲਮੈ ਪਲ੍ਹੀ ਪਲਮੈ ਸਭ ਥਾਪ ਥਪੈਂਗੇ॥ ਪੁੰਨ ਪਰ ਤ੍ਰਾਪੁਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ। ਸਾਧਸਮੂਹ ਪ੍ਰਸੰਨ ਫਿਰੈ ਜਗੁ ਸਤ੍ਰੁ ਸਭੇ ਅਵਲੋਕ ਚਪੈਂਗੇ॥ ਗੁਰੂ ਜੋ ਲਿਖਦੇ ਹਨ ਸੋ ਬ੍ਰਿਥਾ ਨਹੀਂ॥

ਸ਼ੰਕਾ ॥ ਹੋਰ ਕਿਸੇ ਬਡੇ ਗ੍ਰੰਥ ਮੈ ਲਿਖਾ ਹੈ ਤਾਂ ਸੁਣਾਓ। ਉਤ੍ਰ-ਪ੍ਰਮਾਣ ਸੂਰਜ ਪ੍ਰਕਾਸ਼ ॥ ਸੂਰਜ ਪ੍ਰਕਾਸ਼ ਜਿਲਦ ਪੰਜਵੀਂ ਆਲਮਸਿੰਘ ਕਾ ਪੁਛਣਾ॥ਜਬਾ॥ਹਮ ਭੀ ਹਿਰਦੇ ਭਾਵਨੀ ਰਖੇਂ ਸੁਧ ਸੋਇ। ਅੰਮ੍ਰਿਤਸਰ ਪਹੁਚਬੇ ਰਾਮ ਸਰੋਵਰ ਜੋਇ ॥ ਚੌਪਈ ॥ ਵੇਰ ਯਾਰਵੀਂ ਜਬ ਹਮ ਅਵੈ। ਤਿਸਤੇ ਕੋਈ ਨਾ ਹਮਲਖ ਪਾਵੈ । ਪੰਥ ਖਾਲਸਾ ਖੇਤੀ ਮੇਰੀ। ਕਰੂੰ ਸਮਾਲਣਾ ਤਿਸਹੀ ਬੇਰੀ ॥ ਸੋ ਸਮਾਲਣਾ ਗੁਰੂ ਬਣ ਕੇ ਈ ਕਰੇਗਾ ਤਾਂਤੇ ਹੋਰ ਗੁਰੂ ਹੋਇਆ ਚਾਹੀਏ।

ਸਰਬ ਲੋਹਿ ਗ੍ਰੰਥ ਦਵਾਦਸ ਸਰੂਪ ਕਾ ਪ੍ਰਮਾਣ

ਸਤਿਗੁਰ ਏਕ ਹੀ ਦਵਾਦਸ (ਬਾਰਮਾ ਗੁਰੂ) ਭਾਨ ਪ੍ਰਗਟੇ ਹਰਿ ਸੰਤਾ। ਪ੍ਰਤੱਖ ਕਲਾ ਪਾਰਬ੍ਰਹਮ ਧਨੇਸ ਸਰਬ ਪੰਥ ਖਾਲਸਾ ਗ੍ਰੰਥ ਰੂਪ ਬਧੰਤਾ। ਗੁਰ ਬਿਲਾਸ ਮੇ ਲਿਖਿਆ ਹੈ ਦਾਦੂ ਸਾਹਿਬ ਨੇ ਦਸਮੇ ਪਾਤਸ਼ਾਹ ਤੋ ਪੁਛਿਆ ਹੈ। ਦਾਦੂ ਸਾਹਿਬ ਉਚਾਰਿਆ ਕ੍ਰਿਪਾਸਿੰਧ ਮਹਾਨਾ ਤੁਮ ਪੀਛੇ ਦੁਖ ਦੇਣਗੇ ਜੋ ਹਣ ਮੁਸਲਮਾਨ । ਕ੍ਰਿਪਾ ਸਿੰਧ [illegible] ਕਿਆ ਸਲਾਹੇ ਦਾਦੂ ਸਾਤ। ਪੁਨਾ ਸਿੰਘ [illegible] ਜਿਉਂ [illegible] ਭੋਤ॥ ਭੁਜੰਗ ਪ੍ਰਯਾਤ ਛੰਦ [illegible] ਜਿਉਂ ਪਾਪੀ [illegible] ਕੀਨੇ। [illegible]

ਇਨਹੀ ਸੰਗ ਚੀਨੇ। ਸਭ ਵੇ ਮਿਲੇਗੀ ਕਰਾਂਗਮੈ ਦੂਰੀ। ਕਹੀ ਰਹਿਣ ਪੈਹੇ ਜੋ ਮਿਲੇਗਾ ਹਜੂਰੀ॥ ਚੌਪਈ॥ ਬ੍ਰਿਖਾ ਸਿੰਘ ਮੁਖੋ ਜਹਿਗਾਨਾ। ਖਾਸ ਦੀਵਾਨ ਬਰਾਜੇ ਮਹਾਨਾ। (ਰਾਮਸਿੰਘ ਸਤਿਗੁਰ ਕੋ ਕਹਾ ਹੈ) ਤਿਨ ਮੈ ਰਾਮਸਿੰਘ ਮਮਸਾਰਾ। ਦੇਸ ਮਾਲਵੇ ਮਾਹਿ ਅਵਤਾਰਾ॥ ਸ਼ੰਕਾ॥ ਗੁਰਮਤ ਮੇ ਤਾਂ ਸੁਣਾਂ ਦਿਕ੍ਰਤਾ ਆਈ ਹੋਰ ਕਿਸੇ ਸ਼ਕਤੀ ਵਾਲੇ ਲਿਖਾ ਹੈ ਕਿ ਨਹੀਂ॥ਲਿਖਾ ਹੈ ਸੁਣੋ ਉਤ੍ਰ ਪ੍ਰਮਾਣ ਸਾਧੂ ਸਰਬੰਗ ਕਾ॥ ਸਰਬੰਗ ਸਾਧੂ ਹੋਇ ਨਰਬਦਾ ਨਦੀ ਤੇ ਸਾਧਨਾ ਕੀਤੀ ਅਗੰਮਤਾ ਹੋਈ ਓਥੀ ਸਤਿਗੁਰਾਂ ਦਾ ਹੋਣਾ ਲਿਖਦੇ ਹਨ ਸੋਭੀ ਸੁਣ। ਜਨ ਸਰਬੰਗ ਸਾਧੂ ਲਖੇ (ਧਰਮ ਹੇਤ ੯੨ ਸੀਸ ਲਗਣਗੇ) ਬਿਆਰ ਸੀਸ ਚੜ੍ਹ ਸੈਲ ਮੌਨ ਗਰੁੰਡ ਦੋਵੇਂ ਰੁਸੇ ਲਏਂਗੇ ਸਭ ਰਾਜਧਾਨੀ। ਕਹਿਤ ਸਾਧ ਸਰਬੰਗ ਬਾਤ ਸਾਚੀ ਅਦਭੁਤ। ਦੇਸ ਪੂਰਬੋਂ ਆਵਸੀ ਚੇਲਾ ਮਰਦ ਕਾ ਸੋਇ॥ ਉਤ੍ਰ ਪਸਚਮ ਦਿਸਾ ਮੇ ਪ੍ਰਿਥਮੇ ਪ੍ਰਗਟ ਹੋਇ। ਉਮਰ ਤਿਸ ਬਰਸ ਇਕੀਸੇ (੨੧ ਸਾਲ ਦੇ ਸਤਿਗੁਰੂ ਨਾਮ ਦਸ ਨਗੇ) ਸਾਲ ਸਤਾਰੇ(ਸਤਾਰੇ ਸਾਲ ਸੰਗਤਾਂ ਦਾ ਜੋਰ ਹੋਗਿਆ ਸੀ) ਮਾਹਿਧਰੇ ਤਿਸ ਬਲਜਗਦੀਸੇ। ਕਹਿਤ ਸਾਧ ਸਰਬੰਗ ਸੀਸ ਹੋਵੇ ਤਿਸ ਕੇਸਾ। ਪ੍ਰਗਟ ਮਾਹਿ ਪੰਜਾਬ ਅਵਰ ਪੂਰਬ ਦੇਸਾ। ਬਾਤ ਇਕੀਸੇ ਕੀ ਕਹਾਂ ਭਿਆ ਖਾਲਸੇ ਰਾਜ। ਦਿਲੀ ਮਹਿਜਦ ਸਗਲ ਮੇ ਬਜੇ ਜੈਜੀ ਸਾਜ। ਬਜੇ ਜੋੜੀਆਂ ਸਾਜ [illegible] ਗੁਰੂ ਨਾਮ ਜਪਣੀ

ਬਿਚਾਰ ਸੇ ਬਾਣੀ ਪੜ੍ਹਿਆ ਕਰੋ ਸਾਰੀ ਬਾਣੀ ਕਾ ਸਾਰ
ਬਿਚਾਰ ਹੀ ਹੋਜਾਂ ਐਸੇ ਸੰਤਾਂ ਕੋ ਗੁਰੂ ਅਰਜਨ ਸਾਹਿਬ
ਗੁਰੂ ਕਹਿ ਦੇਣ ਤਾਂ ਹੋਰਨਾ ਕੋ ਕੈਸੇ ਦੋਖ ਆ ਸਕਦਾ ਹੈ
ਜਿਸ ਵਿਚ ਗੁਰੂ ਪਦਵੀ ਕੇ ਲਖਣ ਹੋਣ ਉਨਕੋ ਗੁਰੂ
ਨਾ ਕਹੈ ਤਾਂ ਮਹਾ ਦੋਸ਼ ਹੁੰਦਾ।ਗੁਰੂ ਰਾਮਸਿੰਘ ਵਿਚ ਅਵੱਸ
ਹੀ ਗੁਣ ਘਟਦੇ ਹਨ ਜੇ ਗੁਰੂ ਨਾ ਕਹੇਂਗੇ ਤਾਂ ਅਵੱਸ ਹੀ
ਦੋਸ਼ ਕੇ ਭਾਗੀ ਬਣ ਜਾਏਂਗੇ ॥ ਪੁਨਾ । ਦਤਾਤ੍ਰੇਓ
ਚੌਵੀ ਗੁਰੂ ਧਾਰੇ ਇੱਲ ਆਦਕ ਇਕ ਇਕ ਗੁਣ ਸੇ ਸੋ
ਦਤਾਤ੍ਰਿਓ ਕੋ ਦੂਸ਼ਣ ਨਹੀਂ ਹੋਆ ਬਲਕਿਨਾਮੁ ਜ਼ਾਹਰ
ਹੈ। ਯਥਾ।ਗੁਰ ਦੇਵ ਮਾਤਾ ਗੁਰਦੇਵ ਪਿਤਾ ਇਤਿ ਆਦਕ
ਗੁਰੂ ਪਰਸਿਧ ਗੁਰ ਬਾਣੀ ਸੇ ਹਨ । ਸਤਿ ਗੁਰੂ ਰਾਮ
ਸਿੰਘ ਅਮੋਲਕਨਾਮ ਦੇਣੇ ਬਾਲੇ ਅਵੱਸਹੀਹੋ ਸਕਦੇਹਨ॥

ਸਾਖੀ ਮਾਲਵੇ ਦੇਸਮੇ ਸੈਦੋ ਪਿੰਡ ਪਿਛਲੀ ਸਾਖੀ ਹੈ
ਸਾਧੂ ਸੀ ਬੜੇ ਮਹਾਤਮਾ ਸੇ ਤਿਨਾਂ ਵਿਚ ਅਗੰਮਤਾ ਸੀ
ਲੜਕੇ ਪੜ੍ਹਾਏ ਕਰਦੇ ਸੇ ਲੜਕਿਆਂ ਨੂੰ ਸ਼ੌਕ ਹੋਗਿਆ
ਕਿ ਗੁਰੂ ਧਾਰਣਾ ਅੱਛਾ ਹੈ ਗੁਰੂ ਬਿਨਾ ਗਤ ਨਹੀਂ ਹੈ ਲੜ
ਕੇ ਕਹਿਣ ਲਗੇ ਸ ਨੂੰ ਅੰਮ੍ਰਿਤ ਜਾਂ ਚਰਨ ਘੋਲ ਛਕ ਓ
ਸੰਤਾਂ ਅੰਤਰ ਧਿਆਨ ਹੋਕੇ ਦੇਖਿਆ ਕਿ ਸਚਾਗੁਰੂ ਅਮ੍ਰਿ
ਤ ਛਕੌਣੇ ਵਾਲਾ ਆ ਰਹਾ ਹੈ ਸੋ ਸਿਖਾਂ ਪ੍ਰਤਿ ਕਹਾ ਤੁਸੀ
ਧੀਰੇ ਹੋਵੋ ਸਤਿਗੁਰੂ ਰਾਮਸਿੰਘ ਅੰਮ੍ਰਿਤ ਛਕੌਣੇ ਵਾਲਾ
ਐਥੇ ਆ ਜਾਏਗਾ। ਸੋ ਸਤਿਗੁਰ ਰਾਮਸਿੰਘ ਅਮ੍ਰਿਤਸਰ
ਹੋਕੇ ਫੇਰ ਮੁਕਤਸਰ ਹੋਕੇ ਮਾਲਵੇ ਦੌਰਾ ਕਰਦੇ ਆਏ